RC PSYCH
ROYAL COLLEGE OF PSYCHIATRISTS

**ਇਹ ਸਰਵੇਖਣ ਕਿਸ ਲਈ ਹੈ?**

ਇਹ ਸਰਵੇਖਣ ਨੈਸ਼ਨਲ ਕਲੀਨੀਕਲ ਆਡਿਟ ਦਾ ਹਿੱਸਾ ਹੈ ਜਿਸ ਦਾ ਮਕਸਦ ਹਸਪਤਾਲ ਵਿਚ ਉਨ੍ਹਾਂ ਲੋਕਾਂ ਨੂੰ ਮਿਲਣ ਵਾਲੀ ਦੇਖਭਾਲ ਵਿਚ ਸੁਧਾਰ ਲਿਆਉਣਾ ਹੈ ਜਿਨ੍ਹਾਂ ਨੂੰ ਸਮਝ ਨਾ ਆਉਣ ਜਾਂ ਯਾਦਾਸ਼ਤ ਸੰਬੰਧੀ ਸਮੱਸਿਆਵਾਂ ਹਨ।

ਅਸੀਂ ਚਾਹੁੰਦੇ ਹਾਂ ਕਿ ਤੁਸੀਂ ਹਸਪਤਾਲ ਤੋਂ ਮਿਲੀ ਦੇਖਭਾਲ ਬਾਰੇ ਅਤੇ ਹਸਪਤਾਲ ਦੇ ਸਟਾਫ ਨਾਲ ਹੋਈ ਗੱਲ-ਬਾਤ ਬਾਰੇ ਆਪਣੇ ਵਿਚਾਰ ਸਾਂਝੇ ਕਰੋ।

ਇਸ ਵਿਚ 9 ਸਵਾਲ ਦੇਖਭਾਲ ਸੰਬੰਧੀ ਹਨ ਅਤੇ 3 ਤੁਹਾਡੀ ਜਾਣਕਾਰੀ ਸੰਬੰਧੀ, ਇਨ੍ਹਾਂ ਦੇ ਜਵਾਬ ਦੇਣ ਵਿਚ 10-15 ਮਿੰਟਾਂ ਤੋਂ ਜ਼ਿਆਦਾ ਦਾ ਸਮਾਂ ਨਹੀਂ ਲੱਗੇਗਾ।

**ਜਾਣਕਾਰੀ ਨਾਲ ਕੀ ਕੀਤਾ ਜਾਵੇਗਾ?**

ਤੁਹਾਡੇ ਵੱਲੋਂ ਦਿੱਤੀ ਜਾਣਕਾਰੀ ਦੀ ਮਦਦ ਨਾਲ ਇਸ ਹਸਪਤਾਲ ਨੂੰ ਅਤੇ ਹੋਰ ਹਸਪਤਾਲਾਂ ਨੂੰ ਇਹ ਦੇਖਣ ਵਿਚ ਮਦਦ ਮਿਲੇਗੀ ਕਿ ਉਹ ਕਿਨ੍ਹਾਂ ਗੱਲਾਂ ਵਿਚ ਵਧੀਆ ਕਰ ਰਹੇ ਹਨ ਅਤੇ ਕਿਨ੍ਹਾਂ ਵਿਚ ਸੁਧਾਰ ਕਰਨ ਦੀ ਲੋੜ ਹੈ, ਤਾਂਕਿ ਦੇਖਭਾਲ ਦੇ ਸਟੈਂਡਰਡ ਵਿਚ ਸੁਧਾਰ ਲਿਆਇਆ ਜਾ ਸਕੇ।

**ਮੇਰੀ ਗੁਪਤਤਾ ਦਾ ਧਿਆਨ ਕਿਵੇਂ ਰੱਖਿਆ ਜਾਵੇਗਾ?**

ਇਸ ਵਿਚ ਮੰਗੀ ਜਾਣ ਵਾਲੀ ਜਾਣਕਾਰੀ ਤੋਂ ਤੁਹਾਡੇ ਪਛਾਣ ਨਹੀਂ ਹੋ ਸਕੇਗੀ। ਇਸ ਵਿਚ ਹਿੱਸਾ ਲੈਣਾ ਵਿਕਲਪਿਕ ਹੈ ਅਤੇ ਇਸ ਨਾਲ ਤੁਹਾਨੂੰ ਮਿਲਣ ਵਾਲੀ ਦੇਖਭਾਲ ਉੱਤੇ ਕੋਈ ਅਸਰ ਨਹੀਂ ਪਵੇਗਾ।

NAD ਮਰੀਜ਼ ਪ੍ਰਸ਼ਨਾਵਲੀ ਪੰਜਾਬੀ ਵਿੱਚ ਵੀ ਉਪਲਬਧ ਹੈ
https://online1.snapsurveys.com/kyql5i